ਐਚ. ਐਸ. ਬਾਵਾ

ਆ ਗਿਆ ਬਈ ਆ ਗਿਆ
ਤੋਤੇ ਵਾਲਾ ਆ ਗਿਆ
ਛਾ ਗਿਆ ਬਈ ਛਾ ਗਿਆ
ਖੋਤੇ ਵਾਲਾ ਛਾ ਗਿਆ

ਜਿੱਤ ਗਿਆ ਬਈ ਜਿੱਤ ਗਿਆ
ਉੱਲੂ ਵਾਲਾ ਜਿੱਤ ਗਿਆ
ਜਿੱਤ ਗਿਆ ਬਈ ਜਿੱਤ ਗਿਆ
ਬਣਾ ਕੇ ਉੱਲੂ ਜਿੱਤ ਗਿਆ

ਆ ਗਏ, ਆ ਗਏ, ਵੋਟਾਂ ਵਾਲੇ
ਆ ਗਏ, ਆ ਗਏ, ਨੋਟਾਂ ਵਾਲੇ

ਰੁਕ ਜਾ ਸੱਜਣਾ, ਕਿੱਧਰ ਚੱਲਾਂ
ਆ ਗਏ ਨੇਤਾ ਵੇਚਣ ਗੱਲਾਂ
ਆ ਗਏ ਲਾਰੇ, ਆ ਗਿਆ ਭਾਸ਼ਣ
ਸਸਤੀ ਸਬਜ਼ੀ, ਸਸਤਾ ਰਾਸ਼ਨ

ਆ ਗਿਆ ਫਿਰ ਵੋਟਾਂ ਦਾ ਵੇਲਾ
ਜਨਤਾ 'ਮਾਲਕ', ਨੇਤਾ ਚੇਲਾ
ਨੇਤਾ ਲਈ ਤਾਂ ਯੱਭ ਹੋ ਗਿਆ
ਵੋਟਰ ਤਾਂ ਬਈ ਰੱਬ ਹੋ ਗਿਆ

ਪੈ ਜਾਉ ਪੈਰੀਂ, ਫੜ ਲਉ ਗੋਡੇ
'ਬੱਚੇ' ਆਂ ਜੀ ਅਸੀਂ ਤਾਂ ਥੋਡੇ
ਸੀਨੇ ਦੇ ਨਾਲ ਲਾ ਲਉ ਸਾਨੂੰ
ਜਦ ਚਾਹੋ ਅਜ਼ਮਾ ਲਉ ਸਾਨੂੰ

ਅਸੀਂ 'ਗਰੀਬ' ਹਾਂ, ਅਸੀਂ 'ਵਿਚਾਰੇ'
ਭੁੱਲ ਜਾਉ ਸਾਡੇ ਅਉਗਣ ਸਾਰੇ
ਇਸ ਵੇਰਾਂ ਜ਼ਰਾ ਦੇ ਦਿਉ ਮੌਕਾ
ਅੱਗੋਂ ਤੋਂ ਨਹੀਂ ਕਰਦੇ ਧੋਖਾ

ਹਮ ਨਹੀਂ ਬੁਰੇ, ਚੰਗਾ ਨਹੀਂ ਕੋਈ
ਥੋਡੇ ਬਿਨ ਨਹੀਂ ਸਾਡੀ ਢੋਈ
ਗੁੱਸੇ ਗਿਲੇ ਨਾ ਮਨ ਵਿਚ ਰੱਖੋ
ਹੈ ਕੋਈ ਸੇਵਾ, ਹੁਣੇ ਈ ਦੱਸੋ

ਸਾਡੀ ਝੰਡੀ ਕੋਠੇ ਲਾਉ
ਸ਼ਾਮ ਸਾਡੇ ਜਲਸੇ ਵਿਚ ਆਉ
ਜਿੰਨਾ ਮਰਜ਼ੀ ਪੀਉ ਖਾਉ
ਹਵਾ ਬਣਾ ਦਿਉ, ਲਹਿਰ ਚਲਾਉ

ਭੁੱਕੀ, ਡੋਡੇ ਅਤੇ ਸ਼ਰਾਬ
ਹਾਜ਼ਰ ਥੋਡੇ ਲਈ ਜਨਾਬ
ਦੇਸੀ ਜਾਂ ਵਲੈਤੀ ਪੀ ਲਉ
13 ਤਕ ਤਾਂ ਐਸ਼ 'ਨਾ ਜੀ ਲਉ

ਮੈਂ ਸੱਚਾ, ਵਿਰੋਧੀ ਝੂਠਾ
ਉਹਦੇ ਹੱਥ ਫੜਾਉ ਠੂਠਾ
ਮੇਰੇ ਵਿਚ ਨਹੀਂ ਕੋਈ ਖੋਟ
ਮੇਰੀ ਝੋਲੀ ਪਾ ਦਿਉ ਵੋਟ

ਸਾਡੀ ਪਾਰਟੀ, ਸੱਜਣ ਸਾਰੇ
ਬੜੇ ਹੀ 'ਭੋਲੇ', ਬੜੇ 'ਵਿਚਾਰੇ'
ਐਵੇਂ ਨਾ ਕੁਝ ਸਮਝਿਉ ਹੋਰ
ਸਾਹਮਣੀ ਧਿਰ ਦੇ ਸਾਰੇ ਈ ਚੋਰ

ਉਹ ਤਾਂ ਠੱਗ ਨੇ, ਸੱਚ ਮੈਂ ਕਹਿਣਾਂ
ਜਿੱਤਗੇ, ਦੇਸ਼ ਦਾ ਕੱਖ ਨਹੀਂ ਰਹਿਣਾ
ਉਹ ਦਲਾਲ, ਉਹ ਭ੍ਰਿਸ਼ਟਾਚਾਰੀ
ਵੇਚ ਦੇਣਗੇ ਖਲਕਤ ਸਾਰੀ

ਲਿਆ ਬਈ ਕਾਕਾ ਲੈ ਆ ਹਾਰ
ਪਾ ਦੇ ਸਾਡੇ ਗਲ ਵਿਚ ਭਾਰ
ਆਉ ਜ਼ਰਾ ਮਾਹੌਲ ਬਣਾਉ
ਨਾਅਰੇ ਲਾ, ਅਕਾਸ਼ ਗੂੰਜਾਉ

ਕਰ ਦਿਉ ਉਹਦੀ ਮੁਰਦਾਬਾਦ
ਬੋਲੋ ਮੇਰੀ ਜ਼ਿੰਦਾਬਾਦ
ਜਦ ਹੁੰਦੀ ਏ ਜ਼ਿੰਦਾਬਾਦ
ਚਿੱਤ ਨੂੰ ਆਉਂਦੈ ਬੜਾ ਸੁਆਦ

ਨਮਸਤੇ ਬੇਬੇ, ਕਿਵੇਂ ਐਂ ਤਾਈ
ਬੜੇ ਚਿਰੀਂ ਮਿਲਿਐਂ ਮੇਰੇ ਭਾਈ
ਯਾਦ ਤਾਂ ਬੜਾ ਮੈਂ ਕਰਾਂ ਤੁਹਾਨੂੰ
ਚੰਡੀਗੜ੍ਹ ਨਹੀਂ ਛੱਡਦਾ ਸਾਨੂੰ

ਇਸ ਵੇਰਾਂ ਪਰ ਵਾਅਦਾ ਮੇਰਾ
ਹਲਕੇ ਵਿਚ ਹੀ ਲਾਊਂ ਡੇਰਾ
ਆ ਗਈ ਜੇ ਸਰਕਾਰ ਵੇਖਿਉ
ਹਲਕੇ ਦੀ ਨੁਹਾਰ ਵੇਖਿਉ

ਫਿਰਨੀ, ਸੜਕਾਂ ਪੱਕੀਆਂ ਕਰ ਦੂੰ
ਜਿੰਨੇ ਕਹੋ, ਨੀਂਹ ਪੱਥਰ ਧਰ ਦੂੰ
ਗ੍ਰਾਂਟਾਂ ਸਾਰੀਆਂ ਲਾ ਕੇ ਛੱਡੂੰ
ਸਵਿਟਜ਼ਰਲੈਂਡ ਬਣਾ ਕੇ ਛੱਡੂੰ

ਕੱਢ ਦੂੰ ਐਸੇ ਆਡਰ ਪੱਕੇ
ਕਿਹੜੈ ਜੋ ਥੋਡੇ ਵੱਲ ਤੱਕੇ
ਜਿਸਤੇ ਕਹੋਂ, ਕਰਾਊਂ ਪਰਚਾ
ਥਾਣੇ ਵਿਚ ਸਭ ਮੇਰਾ ਖਰਚਾ

ਲੱਡੂ 90 ਕਿੱਲੋ ਮੰਗਵਾ ਲਉ
ਮੈਨੂੰ ਦੂਜੇ ਪੱਲੜੇ ਬਹਾ ਲਉ
ਸਿੱਕਿਆਂ ਦੇ ਨਾਲ ਤੋਲੋ ਸਾਰੇ
ਜਿੱਤ ਗਿਆ, ਜਿੱਤ ਗਿਆ ਬੋਲੋ ਸਾਰੇ

ਦੂਜੀ ਧਿਰ ਦੇ ਬੰਦੇ ਤੋੜੋ
ਉਨ੍ਹਾਂ ਨੂੰ ਆਪਣੇ ਨਾਲ ਜੋੜੋ
ਪਾ ਸਿਰੋਪੇ, 'ਕਲਿੱਕ' ਕਰਾਉ
ਫੋਟੋ ਵਿਚ ਅਖਬਾਰ ਲੁਆਉ

ਐਵੇਂ ਨਾ ਬਈ, ਢਾਹਿਉ ਢੇਰੀ
ਫੱਟੇ ਚੱਕ ਦਿਉ, ਲਿਆ ਦਿਉ ਨ੍ਹੇਰੀ
ਗੱਲ ਰਹੇ ਬੱਸ, ਯਾਰਾਂ ਦੇ ਵਿਚ
ਟੱਕੂਏ ਰੱਖੋ, ਕਾਰਾਂ ਦੇ ਵਿਚ

ਪੁਲਿਸ ਤੋਂ ਜ਼ਰਾ ਬਚਾ ਕੇ ਰੱਖੋ
ਡੱਬ ਨਾਗਣੀ ਲਾ ਕੇ ਰੱਖੋ
ਭਾਵੇਂ ਪੈਜੇ ਕੁਝ ਵੀ ਕਰਨਾ
ਜਿੱਤਣਾ ਹੈ ਆਪਾਂ ਨਹੀਂ ਹਰਨਾ

ਤਿੰਨ ਕਰੋੜ ਦੀ ਹੈ ਹਵੇਲੀ
ਸਾਰੇ ਵੈਲੀ ਆਪਣੇ ਬੇਲੀ
ਨੋਟਾਂ ਦੀ ਪਰਵਾਹ ਨਹੀਂ ਹੈ
ਵੋਟਾਂ ਦਾ ਵਿਸਾਹ ਨਹੀਂ ਹੈ

ਲੰਮੀਆਂ ਗੱਡੀਆਂ ਬਹਿਣ ਵਾਲੇ ਆਂ
ਏ.ਸੀ. ਦੇ ਵਿਚ ਰਹਿਣ ਵਾਲੇ ਆਂ
ਪੈਰ ਕਦੇ ਨਹੀਂ ਲਾਇਆ ਥੱਲੇ
ਐਤਕਾਂ ਹੋ ਗਈ ਬੱਲੇ ਬੱਲੇ

ਇਕ ਮਹੀਨਾ ਝੁਰਨਾ ਪੈਂਦੈ
ਪੰਜੀਂ ਸਾਲੀਂ ਤੁਰਨਾ ਪੈਂਦੈ
ਦਰ ਦਰ ਉੱਤੇ ਜਾਣਾ ਪੈਂਦੈ
ਰੁੱਸਿਆਂ ਨੂੰ ਮਨਾਣਾ ਪੈਂਦੈ

ਆ ਗਈ ਪਿੰਡ ਦੀ ਸੱਥ ਵੇਖ ਲੋ
ਜੁੜੇ ਹੋਏ ਸਾਡੇ ਹੱਥ ਵੇਖ ਲੋ
ਬੇਨਤੀ ਵਿਚ ਮਿਠਾਸ ਵੇਖ ਲਉ
ਵੋਟਾਂ ਤਕ ਮਿੱਠਾ ਖਾਸ ਵੇਖ ਲਉ

ਵੋਟਾਂ ਦਾ ਜਦ ਕੰਮ ਮੁੱਕ ਜਾਣਾ
ਉਦੋਂ ਸਾਹ ਨੋਟਾਂ ਨੂੰ ਆਣਾ
ਫੇਰ ਬਹਿ ਲਾਵਾਂਗੇ ਜੋੜ
ਕਿੰਨੇ ਨੂੰ ਹਾਂ ਚੜ੍ਹੇ ਬਈ ਤੋੜ

ਝੂਠੇ ਵਾਅਦੇ, ਝੂਠੇ ਲਾਰੇ
ਕਿੱਥੇ ਪੂਰੇ ਹੋਣੇ ਸਾਰੇ
ਐਤਕਾਂ ਬਾਹਲਾ ਕੁਫ਼ਰ ਤੋਲਿਐ
ਵੇਖੀ ਜਾਊ ਜੋ ਬੋਲਿਐ

ਸਾਡੇ ਕੋਲ ਨੇ ਵਾਹਵਾ ਨੋਟ
ਦੱਸੋ ਤੁਹਾਡੇ ਕਿੰਨੇ ਵੋਟ
ਇਸ ਗੱਲ ਵਿਚ ਕਾਹਦੀ ਹੈਰਤ
ਵੇਚੋ ਇੱਜ਼ਤ ਵੇਚੋ ਗੈਰਤ

ਪੱਲਿਉਂ ਨਹੀਂ ਕੁਝ ਆਪਾਂ ਲਾਉਣਾ
ਇਥੇ ਲਾਉਣਾ, ਇਥੋਂ ਕਮਾਉਣਾ
ਸਾਡਾ ਕਾਰੋਬਾਰ ਨੇ ਵੋਟਾਂ
ਸਾਡੇ ਲਈ ਵਪਾਰ ਨੇ ਵੋਟਾਂ

ਇਕ ਦੇ ਦੋ, ਵਪਾਰ ਨਹੀਂ ਸਾਡਾ
ਛੋਟਾ ਕਾਰੋਬਾਰ ਨਹੀਂ ਸਾਡਾ
ਦਾਅ ਇਕ ਤੇ ਪੰਜ ਦਾ ਲਾਵਾਂਗੇ
ਫਿਰ ਪੰਜ ਸਾਲ ਕਮਾਵਾਂਗੇ

ਸਾਡਾ ਢਿੱਡ ਜੇ ਡਾਢਾ ਵੱਡਾ
ਖਾ ਜੇ ਬੱਸਾਂ, ਪੀ ਜੇ ਅੱਡਾ
ਐਵੇਂ ਤਾਂ ਨਹੀਂ ਛੱਡਦੇ ਬੜ੍ਹਕਾਂ
ਹਜ਼ਮ ਨੇ ਸਾਨੂੰ ਪੁੱਲ ਤੇ ਸੜਕਾਂ

ਉਂਜ ਗਰੀਬੀ ਗਦਾ ਹਮਾਰੀ
ਲੋਕਤੰਤਰ ਦੇ ਹਾਂ ਵਿਉਪਾਰੀ
ਪੈਸੇ ਦੀ ਤਾਕਤ ਅਜ਼ਮਾ ਲਉ
ਲੋਕਤੰਤਰ ਦਾ ਮੁੱਲ ਪੁਆ ਲਉ

ਕਿਹੜਾ ਦੇਸ਼ ਤੇ ਕਿਹੜਾ ਸੂਬਾ
ਸੱਤਾ ਹੈ ਸਾਡੀ ਮਹਿਬੂਬਾ
ਸੱਤਾ ਲਈ ਹਾਂ ਸਭ ਕੁਝ ਕਰਦੇ
ਸੱਤਾ ਲਈ ਹੀ ਜੀਂਦੇ ਮਰਦੇ

ਜਾਂ ਹਾਂ ਮੈਂ, ਜਾਂ ਉਹ ਖੜ੍ਹਾ ਜੇ
ਬਾਕੀ ਸਭ ਮੈਦਾਨ ਰੜਾ ਜੇ
ਥੋਡੀ ਕਿਸਮਤ ਜਨਤਾ ਵਾਲੀ
ਥੋਡਾ ਕੰਮ ਵਜਾਉਣਾ ਤਾਲੀ

ਸਹੁੰ ਯਾਰਾਂ ਦੀ, ਸਹੁੰ ਯਾਰੀ ਦੀ
ਸਹੁੰ ਲੰਬੜਾਂ ਦੀ ਕਰਤਾਰੀ ਦੀ
ਭੂਆ ਦੀ ਸਹੁੰ, ਸਹੁੰ ਫੁੱਫੜ ਦੀ
ਸਹੁੰ ਦਾਰੂ ਦੀ, ਸਹੁੰ ਕੁੱਕੜ ਦੀ

ਲੈ ਲਿਐ ਫਾਹ, ਬਚਾ ਲਉ ਮੈਨੂੰ
ਜਿਵੇਂ ਕਿਵੇਂ ਜਿਤਾ ਲਉ ਮੈਨੂੰ
ਐਨੀਆਂ ਵੋਟਾਂ ਪਾਇਉ ਮਿੱਤਰ
ਚੋਰ ਨੂੰ ਜਿੰਨੇ ਪੈਂਦੇ ਛਿੱਤਰ

ਸਾਡੇ ਜਿਹੇ ਈ ਰਹਿ ਗਏ ਨੇ ਹੁਣ
ਜੜ੍ਹੀਂ ਦੇਸ਼ ਦੀ ਬਹਿ ਗਏ ਨੇ ਹੁਣ
ਪੜ੍ਹੇ ਲਿਖੇ ਵਿਦਵਾਨ ਨਾ ਭਾਲੋ
ਸਾਡੇ ਨਾਲ ਈ ਕੰਮ ਚਲਾ ਲਉ

ਵੋਟਾਂ ਪਾਉਗੇ ਨਾ
ਮੈਨੂੰ ਜਿਤਾਉਗੇ ਨਾ
ਟੌਹਰ ਤੁਹਾਡੀ ਐ ਨਾ
ਥੋਡੇ ਕੰਮ ਆਵਾਂਗਾ

ਢੋਲ ਖੜਕੇਗਾ ਨਾ
ਵਿਰੋਧੀ ਤੜਫੇਗਾ ਨਾ
ਚੰਡੀਗੜ੍ਹ ਜਾਵਾਂਗਾ ਨਾ
ਸਕੀਮ ਲੜਾਵਾਂਗਾ ਨਾ
ਮੰਤਰੀ ਲੈਣਗੇ ਨਾ
ਹਾਰ ਪੈਣਗੇ ਨਾ
ਅਚਕਨ ਫੱਬੇਗੀ ਨਾ
ਝੰਡੀ ਲੱਗੇਗੀ ਨਾ
ਰੋਹਬ ਤੁਹਾਡਾ ਈ ਐ ਨਾ
ਥੋਡੇ ਕੰਮ ਆਵਾਂਗਾ

ਲਾਲ ਬੱਤੀ ਜੱਗੇਗੀ ਨਾ
ਗਾਰਦ ਲੱਗੇਗੀ ਨਾ
ਸਮਰਥਕ ਗੱਜਣਗੇ ਨਾ
ਸਲੂਟ ਵੱਜਣਗੇ ਨਾ
ਸ਼ਾਨ ਤੁਹਾਡੀ ਯਾਰੋ
ਥੋਡੇ ਕੰਮ ਆਵਾਂਗਾ

ਆ ਜੋ ਯਾਰੋ ਵੋਟਾਂ ਪਾ ਲਉ
ਦੁੱਧ ਦੀ ਰਾਖੀ ਬਿੱਲੇ ਬਹਾ ਲਉ
ਆ ਗਏ ਲੀਡਰ ਕਰਨਗੇ ਸੇਵਾ
ਛਿੱਲੜ ਸਾਡੀ ਇਨ੍ਹਾਂ ਦਾ ਮੇਵਾ

ਇਹੀ ਨੇਤਾ, ਇਹੀ ਲੀਡਰ
ਇਹੀ ਸਾਡੀ ਕਿਸਮਤ ਹੈ
ਇਹੀ ਸਾਡਾ ਨਰਕ ਦੁਆਰ
ਤੇ ਇਹੀ ਸਾਡੀ ਜੱਨਤ ਹੈ
ਆ ਜੋ ਭੂਲ ਭੂਲਈਆਂ ਵਿਚ
ਜਿਵੇਂ ਦਿੱਲੀ ਜੰਤਰ ਮੰਤਰ ਹੈ
ਇਹੀ ਲੋਕ ਤੰਤਰ ਹੈ,
ਜੀ ਇਹੀ ਲੋਕ ਤੰਤਰ ਹੈ
ਇਹੀ ਲੋਕ ਤੰਤਰ ਹੈ,
ਜੀ ਇਹੀ ਲੋਕ ਤੰਤਰ ਹੈ।

hsbawaajit@hotmail.com
ਮੋਬਾਈਲ : 98722-41041